## ਹਸਪਤਾਲ ਵਿਚ ਅਪੌਇੰਟਮੈਂਟਾਂ ਵਾਲੇ ਮਰੀਜ਼ਾਂ ਦੀ ਮਦਦ ਕਰਨਾ

ਆਮ ਤੌਰ ’ਤੇ ਅਸੀਂ ਇਹ ਕਹਿੰਦੇ ਹਾਂ ਕਿ ਹਸਪਤਾਲ ਨੂੰ ਸਿਰਫ ਉਹ ਵਿਅਕਤੀ ਹੀ ਆਵੇ ਜਿਸ ਦੀ ਅਪੌਇੰਟਮੈਂਟ ਹੈ। ਫਿਰ ਵੀ, ਅਸੀਂ ਜਾਣਦੇ ਹਾਂ ਕਿ ਬੱਚਿਆਂ ਅਤੇ ਕੁਝ ਲੋਕਾਂ ਨੂੰ ਆਉਣ ਅਤੇ ਮੈਡੀਕਲ ਅਤੇ ਰੀਹੈਬਲੀਟੇਸ਼ਨ ਦੀਆਂ ਅਪੌਇੰਟਮੈਂਟਾਂ ਵਿਚ ਹਿੱਸਾ ਲੈਣ ਲਈ ਮਦਦ ਦੀ ਲੋੜ ਹੁੰਦੀ ਹੈ।

ਅਪੌਇੰਟਮੈਂਟਾਂ ’ਤੇ ਮਰੀਜ਼ਾਂ ਦੀ ਮਦਦ ਕਰਨ ਵਾਲੇ ਲੋਕਾਂ ਲਈ ਨਿਯਮ ਇਹ ਹਨ:

- ਮਰੀਜ਼ ਨਾਲ ਸਿਰਫ ਤਾਂ ਹੀ 1 ਵਿਅਕਤੀ ਆ ਸਕਦਾ ਹੈ ਜੇ ਉਸ ਨੂੰ ਸੰਭਾਲ ਕਰਨ ਵਾਲੇ ਤੋਂ ਸਰੀਰਕ, ਜਜ਼ਬਾਤੀ, ਅਤੇ/ਜਾਂ ਸੋਚਣੀ (ਬੌਧਿਕ) ਨਾਲ ਸੰਬੰਧਿਤ ਮਦਦ ਦੀ ਲੋੜ ਹੈ।
- ਜਿਹੜੇ ਮਰੀਜ਼ ਬੱਚੇ ਹਨ ਉਨ੍ਹਾਂ ਨਾਲ 1 ਬਾਲਗ ਆ ਸਕਦਾ ਹੈ।
- ਮਦਦ ਕਰਨ ਵਾਲੇ ਵਿਅਕਤੀ ਲਈ ਹਸਪਤਾਲ ਵਿਚ ਆਉਣ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।

ਜੇ ਮਦਦ ਕਰਨ ਵਾਲੇ ਦੇ ਵੈਕਸੀਨੇਸ਼ਨ ਨਹੀਂ ਲੱਗੀ ਹੈ, ਅਸੀਂ ਉਸ ਨੂੰ ਮਰੀਜ਼ ਨਾਲ ਆਉਣ ਦੀ ਆਗਿਆ ਦੇ ਸਕਦੇ ਹਾਂ (ਛੋਟਾਂ ਦੇਖੋ)।

ਛੋਟਾਂ ਬਾਰੇ ਮਰੀਜ਼ ਦੀ ਕੇਅਰ ਟੀਮ ਨਾਲ ਜਾਂ ਅਪੌਇੰਟਮੈਂਟ ਬੁੱਕ ਕਰਨ ਵੇਲੇ ਗੱਲ ਕਰਨਾ ਬਿਹਤਰ ਹੈ।

## ਸ਼ਿਕਾਇਤਾਂ

ਜੇ ਤੁਸੀਂ ਇਹ ਮਹਿਸੂਸ ਕਰੋ ਕਿ ਇਸ ਕਾਰਵਾਈ ਵਿਚ ਅਸੀਂ ਤੁਹਾਡੇ ਨਾਲ ਵਾਜਬ ਵਰਤਾਉ ਨਹੀਂ ਕੀਤਾ ਹੈ ਤਾਂ ਤੁਹਾਡਾ ਸਾਡੇ ਪੇਸ਼ੈਂਟ ਕੇਅਰ ਕੁਆਲਟੀ ਆਫਿਸ ਨਾਲ ਸੰਪਰਕ ਕਰਨ ਦਾ ਅਤੇ ਸਾਨੂੰ ਸਾਡੀ ਹਾਲਤ ਦਾ ਰਿਵੀਊ ਕਰਨ ਲਈ ਕਹਿਣ ਦਾ ਸੁਆਗਤ ਹੈ।

ਪੇਸ਼ੈਂਟ ਕੇਅਰ ਕੁਆਲਟੀ ਆਫਿਸ

| | |
|---|---|
| ਫੋਨ: | 1-877-880-8823 |
| ਈਮੇਲ: | pcqoffice@fraserhealth.ca |
| ਡਾਕ: | 11762 Laity Street 4th floor<br>Maple Ridge, BC<br>V2X 5A3 |

www.fraserhealth.ca

ਇਹ ਜਾਣਕਾਰੀ ਉਸ ਸਲਾਹ ਦਾ ਬਦਲ ਨਹੀਂ ਹੈ ਜਿਹੜੀ ਤੁਹਾਨੂੰ ਤੁਹਾਡੇ ਹੈਲਥ ਕੇਅਰ ਪ੍ਰੋਵਾਈਡਰ ਵਲੋਂ ਦਿੱਤੀ ਗਈ ਸੀ।

Catalogue #267248 (December 2021) Punjabi
To order, visit patienteduc.fraserhealth.ca

COVID-19



Punjabi

# ਹਸਪਤਾਲ ਵਿਚ ਆਉਣਾ

## Visiting in the Hospital

fraserhealth

ਵਿਜ਼ਟਰ (ਦੇਖਣ ਆਉਣ ਵਾਲੇ) ਹੈਲਥ ਕੇਅਰ ਦਾ ਇਕ ਬਹੁਤ ਹੀ ਜ਼ਰੂਰੀ ਹਿੱਸਾ ਹਨ। ਸਾਡੀ ਸੰਭਾਲ ਹੇਠਲੇ ਵਿਅਕਤੀ ਬਾਰੇ ਤੁਹਾਡਾ ਗਿਆਨ ਫਰਕ ਪਾਉਂਦਾ ਹੈ। ਜਿਹੜਾ ਦਿਲਾਸਾ ਅਤੇ ਮਦਦ ਤੁਸੀਂ ਦਿੰਦੇ ਹੋ ਉਹ ਫਰਕ ਪਾਉਂਦਾ ਹੈ।

ਪਬਲਿਕ ਹੈਲਥ ਦੇ ਕਾਰਨਾਂ ਅਤੇ ਸਾਡੇ ਮਰੀਜ਼ਾਂ ਦੀ ਸੇਫਟੀ ਲਈ, ਨਿਯਮ ਅਤੇ ਤਰੀਕੇ ਹਨ ਜਿਨ੍ਹਾਂ ਦੀ ਹਸਪਤਾਲ ਵਿਚ ਹੋਣ ਵੇਲੇ ਹਰ ਇਕ ਲਈ ਪਾਲਣਾ ਕਰਨਾ ਜ਼ਰੂਰੀ ਹੈ।

## ਹਸਪਤਾਲ ਵਿਚ ਆਉਣ ਲਈ

ਤੁਹਾਡੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਲੱਗੀ ਹੋਣਾ ਜ਼ਰੂਰੀ ਹੈ (ਛੋਟਾਂ ਦੇਖੋ)।

**ਅੰਦਰ ਦਾਖਲ ਹੋਣ ਵੇਲੇ ਤੁਹਾਡੇ ਲਈ ਹਰ ਵਾਰੀ ਸਟਾਫ ਨੂੰ ਇਹ 2 ਚੀਜ਼ਾਂ ਦਿਖਾਉਣਾ ਜ਼ਰੂਰੀ ਹੈ:**

1. ਕੋਵਿਡ-19 ਵੈਕਸੀਨੇਸ਼ਨ ਦਾ ਸਬੂਤ
2. ਸਰਕਾਰ ਵਲੋਂ ਜਾਰੀ ਕੀਤਾ ਗਿਆ ਫੋਟੋ ਵਾਲਾ ਯੋਗ ਪਛਾਣ-ਪੱਤਰ

ਤੁਹਾਡੇ ਹਰ ਵਾਰੀ ਅੰਦਰ ਦਾਖਲ ਹੋਣ ਵੇਲੇ ਤੁਹਾਡੇ ਵਿਚ ਕੋਵਿਡ-19 ਦੀ ਬੀਮਾਰੀ ਦੀਆਂ ਨਿਸ਼ਾਨੀਆਂ ਚੈੱਕ ਕਰਨਾ ਜ਼ਰੂਰੀ ਹੈ।

## ਹਸਪਤਾਲ ਵਿਚ ਹੋਣ ਵੇਲੇ

ਹਸਪਤਾਲ ਵਿਚ ਹੋਣ ਵੇਲੇ ਤੁਹਾਡੇ ਲਈ ਹਰ ਸਮੇਂ ਮੈਡੀਕਲ ਮਾਸਕ ਪਾਉਣਾ ਜ਼ਰੂਰੀ ਹੈ।

ਆਪਣੀ ਅਤੇ ਹੋਰਨਾਂ ਦੀ ਰੱਖਿਆ ਕਰਨ ਲਈ ਤੁਹਾਡੇ ਲਈ ਇਹ ਚੀਜ਼ਾਂ ਕਰਨਾ ਜ਼ਰੂਰੀ ਹੈ:

- ਆਪਣੇ ਹੱਥ ਅਕਸਰ ਧੋਵੋ।
- ਆਪਣੀ ਖੰਘ ਅਤੇ ਛਿੱਕਾਂ ਨੂੰ ਢਕੋ।
- ਹੋਰਨਾਂ ਤੋਂ ਘੱਟੋ ਘੱਟ 2 ਮੀਟਰ (6 ਫੁੱਟ) ਪਰ੍ਹਾਂ ਰਹਿਣ ਦੀ ਕੋਸ਼ਿਸ਼ ਕਰੋ।

## ਬਹੁਤੇ ਇਲਾਕਿਆਂ ਵਿਚ ਜਾਣ ਲਈ

ਇਕ ਸਮੇਂ ਮਰੀਜ਼ਾਂ ਨੂੰ ਦੇਖਣ ਸਿਰਫ 2 ਵਿਜ਼ਟਰ ਹੀ ਆ ਸਕਦੇ ਹਨ।

ਜੇ ਮਰੀਜ਼ ਦਾ ਰੂਮ ਕਿਸੇ ਨਾਲ ਸਾਂਝਾ ਹੈ ਤਾਂ ਅਸੀਂ ਤੁਹਾਨੂੰ ਇਕ ਸਮੇਂ ਲੋਕਾਂ ਦੀ ਗਿਣਤੀ ਨੂੰ ਸੀਮਤ ਕਰਨ ਲਈ ਕਹਿ ਸਕਦੇ ਹਾਂ।

## ਕ੍ਰਿਟੀਕਲ ਕੇਅਰ, ਐਮਰਜੰਸੀ, ਜਾਂ ਕੋਵਿਡ-19 ਦੇ ਇਲਾਜ ਵਾਲੇ ਏਰੀਏ ਵਿਚ ਮਰੀਜ਼ਾਂ ਨੂੰ ਦੇਖਣ ਆਉਣ ਲਈ

ਇਨ੍ਹਾਂ ਥਾਂਵਾਂ ਦੇ ਮਰੀਜ਼ ਬਹੁਤ ਬੀਮਾਰ ਹੁੰਦੇ ਹਨ। ਉਨ੍ਹਾਂ ਨੂੰ ਕੋਵਿਡ-19 ਵੀ ਹੋਇਆ ਹੋ ਸਕਦਾ ਹੈ।

ਇਸ ਕਰਕੇ, ਇਨ੍ਹਾਂ ਥਾਂਵਾਂ ਲਈ ਸਾਡੇ ਖਾਸ ਨਿਯਮ ਹਨ:

- ਕਿਸੇ ਵੀ ਸਮੇਂ ਮਰੀਜ਼ ਨੂੰ ਦੇਖਣ ਸਿਰਫ 1 ਵਿਜ਼ਟਰ ਹੀ ਆ ਸਕਦਾ ਹੈ।
- ਜੇ ਮਰੀਜ਼ ਨੂੰ ਸਾਹ ਲੈਣ ਵਿਚ ਮਦਦ ਦੀ ਲੋੜ ਹੋਵੇ ਤਾਂ ਅਸੀਂ ਤੁਹਾਨੂੰ ਹੋਰ ਹਿਫਾਜ਼ਤੀ ਸਾਜ਼-ਸਾਮਾਨ ਪਾਉਣ ਨੂੰ ਕਹਿ ਸਕਦੇ ਹਾਂ।
- ਅਸੀਂ ਤੁਹਾਨੂੰ ਆਉਣ ਦੀ ਬਜਾਏ ਵਰਚੂਅਲ ਵਿਜ਼ਟ ਕਰਨ ਲਈ ਸੁਝਾਅ ਦੇ ਸਕਦੇ ਹਾਂ।

## ਜ਼ਿੰਦਗੀ ਦੇ ਆਖਰੀ ਸਾਹਾਂ ਵਾਲੇ ਮਰੀਜ਼ਾਂ ਨੂੰ ਦੇਖਣ ਆਉਣ ਲਈ

ਜ਼ਿੰਦਗੀ ਦਾ ਅੰਤ ਉਦਾਸ ਕਰਨ ਵਾਲਾ ਅਤੇ ਔਖਾ ਸਮਾਂ ਹੁੰਦਾ ਹੈ। ਇਹ ਪੱਕਾ ਕਰਨ ਲਈ ਅਸੀਂ ਹਰ ਕੋਸ਼ਿਸ਼ ਕਰਦੇ ਹਾਂ ਕਿ ਆਪਣੀ ਜ਼ਿੰਦਗੀ ਦੇ ਅੰਤ ਵੇਲੇ ਮਰੀਜ਼ ਇਕੱਲੇ ਨਾ ਹੋਣ।

ਅਸੀਂ ਕੋਵਿਡ-19 ਪੌਜ਼ਟਿਵ ਵਿਜ਼ਟਰਾਂ ਨੂੰ ਵੀ ਆਉਣ ਦੀ ਆਗਿਆ ਦੇ ਸਕਦੇ ਹਾਂ। ਜੇ ਅਸੀਂ ਇਹ ਕਰਦੇ ਹਾਂ ਤਾਂ ਇਹ ਨਿਯਮ ਹਨ:

- ਮਰੀਜ਼ਾਂ ਕੋਲ ਇਕ ਵੇਲੇ 2 ਨਾਲੋਂ ਜ਼ਿਆਦਾ ਕੋਵਿਡ-19 ਪੌਜ਼ਟਿਵ ਵਿਜ਼ਟਰ ਨਹੀਂ ਆ ਸਕਦੇ।
- ਜਿਹੜੇ ਵਿਜ਼ਟਰ ਕੋਵਿਡ-19 ਪੌਜ਼ਟਿਵ ਹਨ ਉਨ੍ਹਾਂ ਲਈ ਸਾਡੇ ਸਟਾਫ ਦੀਆਂ ਹਿਦਾਇਤਾਂ ਅਤੇ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ:
  - ਹਰ ਵੇਲੇ ਮੈਡੀਕਲ ਮਾਸਕ ਪਾਉ।
  - ਹਸਪਤਾਲ ਅਤੇ ਮਰੀਜ਼ ਦੇ ਰੂਮ ਵਿਚ ਦਾਖਲ ਹੋਣ ਵੇਲੇ ਅਤੇ ਬਾਹਰ ਨਿਕਲਣ ਵੇਲੇ ਆਪਣੇ ਹੱਥ ਸਾਫ ਕਰੋ।
  - ਸਟਾਫ ਵਲੋਂ ਤੁਹਾਨੂੰ ਮਰੀਜ਼ ਦੇ ਰੂਮ ਵਿਚ ਲਿਜਾਏ ਜਾਣ ਦੀ ਹਸਪਤਾਲ ਦੇ ਦਰਵਾਜ਼ੇ 'ਤੇ ਉਡੀਕ ਕਰੋ।
  - ਵਿਜ਼ਟ ਦੇ ਖਤਮ ਹੋ ਜਾਣ ਤੱਕ ਮਰੀਜ਼ ਦੇ ਰੂਮ ਵਿਚ ਰਹੋ।
  - ਸਟਾਫ ਵਲੋਂ ਹਸਪਤਾਲ ਤੋਂ ਬਾਹਰ ਲਿਜਾਏ ਜਾਣ ਲਈ ਮਰੀਜ਼ ਦੇ ਰੂਮ ਵਿਚ ਉਡੀਕ ਕਰੋ।

**ਛੋਟਾਂ** – ਅਸੀਂ ਵੈਕਸੀਨੇਸ਼ਨ ਨਾ ਲੱਗੇ ਵਿਜ਼ਟਰਾਂ ਨੂੰ ਇਨ੍ਹਾਂ ਹਾਲਤਾਂ ਵਿਚ ਆਗਿਆ ਦੇ ਸਕਦੇ ਹਾਂ:

- ਜਿਹੜੇ ਵਿਜ਼ਟਰਾਂ ਕੋਲ ਪ੍ਰਵਾਨਤ ਮੈਡੀਕਲ ਛੋਟ ਦਾ ਸਬੂਤ ਹੁੰਦਾ ਹੈ
- ਬੱਚੇ ਦੀ ਸੰਭਾਲ ਜਾਂ ਬੱਚੇ ਨੂੰ ਜਨਮ ਦੇ ਰਹੀ ਕਿਸੇ ਔਰਤ ਨਾਲ ਸੰਬੰਧਿਤ ਵਿਜ਼ਟਾਂ
- ਐਮਰਜੰਸੀ ਜਾਂ ਕ੍ਰਿਟੀਕਲ ਕੇਅਰ ਵਿਚ ਮਰੀਜ਼ਾਂ ਨੂੰ ਦੇਖਣ ਆਉਣਾ
- ਜ਼ਿੰਦਗੀ ਦੇ ਅੰਤ ਵਾਲੇ ਮਰੀਜ਼ਾਂ ਕੋਲ ਆਉਣਾ
- ਵਿਜ਼ਟਰ ਛੋਟਾ ਬੱਚਾ ਹੈ ਜਿਸ ਦੇ ਕੋਵਿਡ-19 ਵੈਕਸੀਨ ਨਹੀਂ ਲੱਗ ਸਕਦੀ
- ਵਿਜ਼ਟਾਂ ਮਰੀਜ਼ ਦੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਜ਼ਰੂਰੀ ਹਨ
- ਉਨ੍ਹਾਂ ਮਰੀਜ਼ਾਂ ਦੀ ਮਦਦ ਕਰਨ ਲਈ ਵਿਜ਼ਟਾਂ ਜਿਹੜੇ ਜ਼ਰੂਰੀ ਮੈਡੀਕਲ ਇਲਾਜ ਬਾਰੇ ਫੈਸਲਾ ਕਰ ਰਹੇ ਹਨ


ਪਰਤੋ...